# ਵਾਤਾਵਰਨ ਦਿਵਸ ਮਨਾਇਆ

ਨਾਭਾ, 13 ਜੂਨ (ਕਰਮਜੀਤ ਸਿੰਘ)-ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕੇ ਅਤੇ ਆਰਟ ਐਂਡ ਕਰਾਫ਼ਟ ਨਾਭਾ ਵਿਖੇ ਵਾਤਾਵਰਨ ਦਿਵਸ ਮਨਾਇਆ ਗਿਆ। ਜਿਸ ਦੌਰਾਨ ਸੰਸਥਾ ਵਿਚ ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ। ਇਸ ਵਿਚ ਆਰਟ ਐਂਡ ਕਰਾਫ਼ਟ ਦੇ ਸਿੱਖਿਆਰਥੀਆਂ ਵੱਲੋਂ ਪੇਂਟਿੰਗ ਮੁਕਾਬਲਾ ਕੀਤਾ ਗਿਆ। ਜਿਸ 'ਚ ਪਰਗਟ ਸਿੰਘ ਪਹਿਲਾ ਸਾਲ ਲੜਕੇ ਤੇ ਕਮਲਪ੍ਰੀਤ ਕੌਰ ਲੜਕੀਆਂ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ। ਉਨ੍ਹਾਂ ਨੂੰ ਪ੍ਰਿੰਸੀਪਲ ਪ੍ਰਦੁਮਣ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਮਕੌਰ ਸਿੰਘ, ਸੋਮਾ ਰਾਣੀ, ਜਯੋਤੀ ਕਿਰਨ, ਅਤੀਤਪਾਲ ਸਿੰਘ, ਬਹਾਦਰ ਸਿੰਘ, ਅਮਰੀਕ ਸਿੰਘ, ਬਿਰਜਪਾਣ, ਮੋਹਨਜੀਤ ਸਿੰਘ, ਭਗਵਾਨ ਸਿੰਘ, ਸੁਨੀਤਾ ਸ਼ਰਮਾ, ਮਨਦੀਪ ਕੌਰ, ਅਨਮੋਲ ਸ਼ਰਮਾ, ਅੰਮ੍ਰਿਤਪਾਲ ਸਿੰਘ, ਸੰਦੀਪ ਕੁਮਾਰ, ਚਰਨਜੀਤ ਸਿੰਘ, ਵਿਪਨਦੀਪ ਕੌਰ ਅਤੇ ਹੋਰ ਸਮੂਹ ਸਟਾਫ਼ ਅਤੇ ਸਿੱਖਿਆਰਥੀ ਹਾਜ਼ਰ ਸਨ।



